بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّی عَلٰی رَسُوۡلِہِ الۡکَرِیۡمِ وَ عَلٰی عَبۡدِہِ الۡمَسِیۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸੰਨ 07 ਅਤੇ 08 ਹਿਜਰੀ ਦੇ ਕੁੱਝ ਗ਼ਜ਼ਵਿਆਂ ਅਤੇ ਸਿੱਰਯਾਵਾਂ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 5 ਅਪ੍ਰੈਲ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜ਼ਮਾਨੇ ਦੀਆਂ ਵਿਭਿੰਨ ਮੁਹਿੰਮਾਂ ਦਾ ਜ਼ਿਕਰ ਹੋ ਰਿਹਾ ਹੈ। ਉਹਨਾਂ ਵਿੱਚੋਂ ਇੱਕ ਸਿਰੱਿਯਾ ਗ਼ਾਲਿਬ ਬਿਨ ਅਬਦੁੱਲਾਹ ਦਾ ਫ਼ਿਦਕ ਦੇ ਵੱਲ ਦਾ ਵੀ ਜ਼ਿਕਰ ਮਿਲ਼ਦਾ ਹੈ। ਹਜ਼ਰਤ ਬਸ਼ੀਰ ਬਿਨ ਸਾਅਦ ਰਜ਼ਿ ਅੱਲਾਹੁ ਅਨਹੁ ਸ਼ਾਅਬਾਨ 07 ਹਿਜਰੀ ਵਿੱਚ 30 ਵਿਅਕਤੀਆਂ ਦੇ ਨਾਲ਼ ਫ਼ਿਦਕ ਵਿੱਚ ਬਨੂ ਮੁੱਰਾ ਵੱਲ ਗਏ। ਬਨੂ ਮੁੱਰਾ ਨੇ ਬਸ਼ੀਰ ਬਿਨ ਸਾਅਦ ਰਜ਼ਿ ਅੱਲਾਹੁ ਅਨਹੁ ਦੇ ਤਮਾਮ ਸਾਥੀਆਂ ਨੂੰ ਸ਼ਹੀਦ ਕਰ ਦਿੱਤਾ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਜਦ ਇਸ ਦੀ ਖ਼ਬਰ ਹੋਈ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜ਼ੁਬੈਰ ਬਿਨ ਅੱਵਾਮ ਰਜ਼ਿ ਅੱਲਾਹੁ ਅਨਹੁ ਨੂੰ ਤਿਆਰ ਕੀਤਾ ਅਤੇ ਉਹਨਾਂ ਦੇ ਨਾਲ਼ 200 ਸਹਾਬੀਆਂ ਨੂੰ ਭਿਜਵਾਇਆ। ਇਸ ਮੁਹਿੰਮ ਵਿੱਚ ਮੁਸਲਮਾਨਾਂ ਨੂੰ ਕਾਮਯਾਬੀ ਹੋਈ ਅਤੇ ਮਾਲਿ ਗ਼ਨੀਮਤ ਵੀ ਹਾਸਿਲ ਹੋਇਆ।

ਫਿਰ ਇੱਕ ਸਿਰੱਿਯਾ ਸ਼ੁਜਾਅ ਬਿਨ ਵਹਬ ਹੈ। ਇਹ ਸਿਰੱਿਯਾ ਰਬੀਉਲ ਅੱਵਲ 08 ਹਿਜਰੀ ਵਿੱਚ ਹੋਇਆ। ਇਸ ਸਿਰੱਿਯਾ ਦੀ ਤਫ਼ਸੀਲ ਇਸ ਤਰ੍ਹਾਂ ਬਿਆਨ ਹੋਈ ਹੈ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਲਗਾਤਾਰ ਸੂਚਨਾਵਾਂ ਮਿਲ਼ ਰਹੀਆਂ ਸਨ ਕਿ ਸਯੀ ਇਲਾਕ਼ੇ ਤੋਂ ਬਨੂ ਹਵਾਜ਼ਨ ਦੁਸ਼ਮਨਾਨਿ ਇਸਲਾਮ ਦੀ ਮਦਦ ਕਰ ਰਹੇ ਹਨ ਅਤੇ ਮੁਸਲਮਾਨਾਂ ਦੇ ਹਲੀਫ਼ ਕਬ਼ੀਲਿਆਂ ਦੇ ਵਿਅਕਤੀਆਂ ਨੂੰ ਲੁੱਟ ਕੇ ਜੰਗਲ਼ਾਂ ਵਿੱਚ ਲੁਕ ਜਾਂਦੇ ਹਨ। ਰਬੀਉਲ ਅੱਵਲ ਦੇ ਮਹੀਨੇ ਵਿੱਚ ਸੰਨ 08  ਹਿਜਰੀ ਵਿੱਚ ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਸ਼ੁਜਾਅ ਰਜ਼ਿ ਅੱਲਾਹੁ ਅਨਹੁ ਨੂੰ 24 ਮੁਜਾਹਿਦ ਦੇ ਕੇ ਬਨੂ ਹਵਾਜ਼ਨ ਦੀ ਸਰਕੋਬੀ ਲਈ ਭੇਜਿਆ। ਉਹਨਾਂ ਨੂੰ ਬਨੂ ਆਮਿਰ ਵੀ ਕਿਹਾ ਜਾਂਦਾ ਹੈ। ਹਜ਼ਰਤ ਸ਼ੁਜਾਅ ਰਜ਼ਿ ਅੱਲਾਹੁ ਅਨਹੁ ਮੁਜਾਹਿਦਾਂ ਦੇ ਨਾਲ਼ ਰਾਤ ਨੂੰ ਸਫ਼ਰ ਕਰਦੇ ਅਤੇ ਦਿਨ ਨੂੰ ਲੁਕੇ ਰਹਿੰਦੇ, ਇਥੋਂ ਤੱਕ ਕਿ ਅਚਾਨਕ ਸਵੇਰ ਦੇ ਵੇਲ਼ੇ ਬਨੂ ਆਮਿਰ ਦੇ ਸਿਰ 'ਤੇ ਜਾ ਪਹੁੰਚੇ ਅਤੇ ਉਹਨਾਂ 'ਤੇ ਹਮਲਾ ਕਰ ਦਿੱਤਾ। ਹਜ਼ਰਤ ਸ਼ੁਜਾਅ ਰਜ਼ਿ ਅੱਲਾਹੁ ਅਨਹੁ ਨੇ ਆਪਣੇ ਮੁਜਹਿਦਾਂ ਨੂੰ ਹੁਕਮ ਦਿੱਤਾ ਕਿ ਉਹਨਾਂ ਦਾ ਪਿੱਛਾ ਨਾ ਕਰੋ। ਉਹਨਾਂ ਨੂੰ ਬਹੁਤ ਸਾਰੇ ਊਠ ਅਤੇ ਬੱਕਰੀਆਂ ਮਿਲ਼ੀਆਂ ਜਿਹਨਾਂ ਨੂੰ ਉਹ ਹੱਕ ਕੇ ਮਦੀਨੇ ਲੈ ਆਏ ਅਤੇ ਮਾਲਿ ਗ਼ਨੀਮਤ ਵੰਡ ਲਿਆ। ਉਹਨਾਂ ਵਿੱਚੋਂ ਹਰ ਸ਼ਖ਼ਸ ਦੇ ਹਿੱਸੇ ਵਿੱਚ 15 ਊਠ ਆਏ। ਇਸ ਸਿਰੱਿਯਾ ਵਿੱਚ 15 ਦਿਨ ਖ਼ਰਚ ਹੋਏ।

ਇਸ ਦੇ ਬਾਅਦ ਇੱਕ ਸਿਰੱਿਯਾ ਕਾਅਬ ਬਿਨ ਉਮੈਰ ਗ਼ੱਫ਼ਾਰੀ ਦਾ ਜ਼ਿਕਰ ਹੈ। ਇਹ ਸਿਰੱਿਯਾ 08 ਰਬੀਉਲ ਅੱਵਲ 08 ਹਿਜਰੀ ਨੂੰ ਹੋਇਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਕਾਅਬ ਬਿਨ ਉਮੈਰ ਗ਼ੱਫ਼ਾਰੀ ਰਜ਼ਿ ਅੱਲਾਹੁ ਅਨਹੁ ਦੀ ਅਗਵਾਈ ਵਿੱਚ 15 ਸਹਾਬਾ ਨੂੰ ਜ਼ਾਤਿ ਇਤਲਾਹ ਵੱਲ ਰਵਾਨਾ ਕੀਤਾ ਜਿਹੜਾ ਵਾਦਿਉਲ ਕ਼ੁਰਾ ਦੇ ਪਿੱਛੇ ਸੀ। ਜਦ ਆਪ ਰਜ਼ਿ ਅੱਲਾਹੁ ਅਨਹੁ ਜ਼ਾਤਿ ਇਤਲਾਹ ਦੇ ਕ਼ਰੀਬ ਪਹੁੰਚੇ ਤਾਂ ਦੁਸ਼ਮਣਾਂ ਦੇ ਇੱਕ ਜਾਸੂਸ ਨੇ ਉਹਨਾਂ ਨੂੰ ਦੇਖ ਲਿਆ ਅਤੇ ਉਸਨੇ ਫ਼ੌਰਨ ਹੀ ਆਪਣੇ ਆਦਮੀਆਂ ਨੂੰ ਮੁਸਲਮਾਨਾਂ ਦੇ ਅੱਗੇ ਵਧਣ ਦੀ ਸੂਚਨਾ ਦੇ ਦਿੱਤੀ। ਉਹਨਾਂ

ਨੇ ਤਿਆਰੀ ਕੀਤੀ ਅਤੇ ਵੱਡੀ ਫ਼ੌਜ ਤਿਆਰ ਕਰ ਲਈ। ਸਹਾਬਾ ਨੇ ਉਹਨਾਂ ਲੋਕਾਂ ਨੂੰ ਇਸਲਾਮ ਦੀ ਦਾਅਵਤ ਦਿੱਤੀ ਪਰ ਉਹਨਾਂ ਨੇ ਇਨਕਾਰ ਕਰ ਦਿੱਤਾ ਅਤੇ ਉਹਨਾਂ ਨੇ ਸਹਾਬਾ 'ਤੇ ਤੀਰਅੰਦਾਜ਼ੀ ਸ਼ੁਰੂ ਕਰ ਦਿੱਤੀ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਹਾਬਾ ਨੇ ਉਹਨਾਂ ਦੀ ਇਸ ਹਰਕਤ ਨੂੰ ਦੇਖਿਆ ਤਾਂ ਉਹਨਾਂ ਨਾਲ਼ ਜੀ ਤੋੜ ਲੜਾਈ ਕੀਤੀ ਇੱਥੋਂ ਤੱਕ ਕਿ ਲੜਦੇ ਲੜਦੇ ਸਭ ਸ਼ਹੀਦ ਹੋ ਗਏ। ਉਹਨਾਂ ਸਹਾਬਾ ਵਿੱਚੋਂ ਇੱਕ ਸਹਾਬੀ ਕ਼ਤਲ ਹੋਣ ਵਾਲਿਆਂ ਵਿੱਚ ਜ਼ਖ਼ਮੀ ਹਾਲਤ ਵਿੱਚ ਸਨ, ਉਹ ਉੱਥੋਂ ਬਚ ਨਿਕਲੇ। ਇੱਕ ਰਿਵਾਇਤ ਦੇ ਮੁਤਾਬਿਕ਼ ਉਹ ਹਜ਼ਰਤ ਕਾਅਬ ਬਿਨ ਉਮੈਰ ਗ਼ੱਫ਼ਾਰੀ ਰਜ਼ਿ ਅੱਲਾਹੁ ਅਨਹੁ ਆਪ ਸਨ। ਬਹਰਹਾਲ, ਲਿਖਿਆ ਹੈ ਕਿ ਜਦ ਰਾਤ ਠੰਢੀ ਹੋਈ ਤਾਂ ਉਹ ਸਵਾਰ ਹੋ ਕੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਆ ਗਏ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਵਾਕ਼ੇ ਦੀ ਇਤਲਾਅ ਦਿੱਤੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਹ ਖ਼ਬਰ ਇੰਤਿਹਾਈ ਦੁਖਦਾਈ ਲੱਗੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸੇ ਵੇਲ਼ੇ ਉਹਨਾਂ ਵੱਲ ਇੱਕ ਫ਼ੌਜ ਭੇਜਣ ਦਾ ਇਰਾਦਾ ਕੀਤਾ ਪਰ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਪਤਾ ਲੱਗਿਆ ਕਿ ਉਹ ਲੋਕ ਉਸ ਥਾਂ ਤੋਂ ਹਟ ਕੇ ਕਿਤੇ ਹੋਰ ਚਲੇ ਗਏ ਹਨ ਇਸ ਲਈ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਰਾਦਾ ਮੁਲਤਵੀ ਕਰ ਦਿੱਤਾ।

ਗ਼ਜ਼ਵਾ ਮੌਤਾ ਜਮਾਦਿਉਲ ਊਲਾ ਜਾਂ ਸਿਤੰਬਰ 629 ਵਿੱਚ ਹੋਇਆ। ਮੌਤਾ ਸ਼ਾਮ ਦੀ ਸਰਜ਼ਮੀਨ 'ਤੇ ਮਦੀਨੇ ਤੋਂ ਤਕ਼ਰੀਬਨ 200 ਮੀਲ ਦੇ ਫ਼ਾਸਲੇ 'ਤੇ ਹੈ। ਇਸ ਗ਼ਜ਼ਵੇ ਦਾ ਕਾਰਨ ਮੁਸਲਮਾਨਾਂ ਦੇ ਕ਼ਾਸਿਦ ਹਾਰਿਸ ਬਿਨ ਉਮੈਰ ਰਜ਼ਿ ਅੱਲਾਹੁ ਅਨਹੁ ਦੀ ਦਰਦਨਾਕ ਸ਼ਹਾਦਤ ਸੀ ਜਿਹੜੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਲਈ ਬਹੁਤ ਦੁਖਦਾਈ ਸੀ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਗ਼ੱਸਾਨ ਕ਼ਬੀਲੇ ਦੇ ਸਰਦਾਰ ਨੂੰ, ਜਿਹੜਾ ਰੋਮੀ ਹਕੂਮਤ ਵੱਲੋਂ ਬਸਰਾ ਦਾ ਹਾਕਿਮ ਸੀ ਜਾਂ ਆਪ ਰੋਮਾ ਦੇ ਕ਼ੈਸਰ ਨੂੰ ਚਿੱਠੀ ਲਿਖੀ, ਉਸ ਚਿੱਠੀ ਵਿੱਚ ਸ਼ਾਇਦ ਰੋਮੀ ਕ਼ਬੀਲਿਆਂ ਦੀ ਸ਼ਿਕਾਇਤ ਹੋਵੇਗੀ ਕਿ ਉਹ ਮੁਸਲਮਾਨਾਂ ਦੇ ਖ਼ਿਲਾਫ਼ ਸਾਜ਼ਿਸ਼ਾਂ ਕਰਦੇ ਹਨ ਅਤੇ ਉਹਨਾਂ ਨੇ 15 ਮੁਸਲਮਾਨਾਂ ਨੂੰ ਬੇਦਰਦੀ ਨਾਲ਼ ਕ਼ਤਲ ਵੀ ਕੀਤਾ ਹੈ। ਇਹ ਚਿੱਠੀ ਹਜ਼ਰਤ ਹਾਰਿਸ ਰਜ਼ਿ ਅੱਲਾਹੁ ਅਨਹੁ ਦੇ ਹੱਥ ਭਿਜਵਾਈ ਗਈ ਜਿਹੜੇ ਮੌਤਾ ਮੁਕ਼ਾਮ 'ਤੇ ਠਹਿਰੇ, ਜਿੱਥੇ ਗ਼ੱਸਾਨ ਕ਼ਬੀਲੇ ਦਾ ਇੱਕ ਸਰਦਾਰ ਸ਼ਿਰਜੀਲ ਉਹਨਾਂ ਨੂੰ ਮਿਲਿਆ। ਉਸ ਨੇ ਹਜ਼ਰਤ ਹਾਰਿਸ ਰਜ਼ਿ ਅੱਲਾਹੁ ਅਨਹੁ ਨੂੰ ਗਿਰਫ਼ਤਾਰ ਕਰਕੇ ਕ਼ਤਲ ਕਰਵਾ ਦਿੱਤਾ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਜਦ ਹਜ਼ਰਤ ਹਾਰਿਸ ਰਜ਼ਿ ਅੱਲਾਹੁ ਅਨਹੁ ਦੀ ਸ਼ਹਾਦਤ ਦੀ ਖ਼ਬਰ ਪਹੁੰਚੀ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਵਾਕ਼ੇ ਅਤੇ ਪਿਛਲੇ ਵਾਕ਼ੇ ਦੀ ਸਜ਼ਾ ਦੇ ਤੌਰ 'ਤੇ ਤਿੰਨ ਹਜ਼ਾਰ ਦੀ ਫ਼ੌਜ ਤਿਆਰ ਕਰਵਾਈ ਅਤੇ ਜ਼ੈਦ ਬਿਨ ਹਾਰਸਾ ਰਜ਼ਿ ਅੱਲਾਹੁ ਅਨਹੁ ਨੂੰ ਉਸ ਦਾ ਸਰਦਾਰ ਨਿਯੁਕਤ ਕੀਤਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜੇਕਰ ਜ਼ੈਦ ਰਜ਼ਿ ਅੱਲਾਹੁ ਅਨਹੁ ਸ਼ਹੀਦ ਹੋ ਜਾਣ ਤਾਂ ਹਜ਼ਰਤ ਜਾਅਫ਼ਰ ਬਿਨ ਅਬੀ ਤਾਲਿਬ ਰਜ਼ਿ ਅੱਲਾਹੁ ਅਨਹੁ ਸਰਦਾਰ ਹੋਣਗੇ ਅਤੇ ਜੇਕਰ ਜਾਅਫ਼ਰ ਬਿਨ ਅਬੀ ਤਾਲਿਬ ਰਜ਼ਿ ਅੱਲਾਹੁ ਅਨਹੁ ਵੀ ਸ਼ਹੀਦ ਹੋ ਗਏ ਤਾਂ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਸਰਦਾਰ ਹੋਣਗੇ ਅਤੇ ਜੇਕਰ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਵੀ ਸ਼ਹੀਦ ਹੋ ਗਏ ਤਾਂ ਮੁਸਲਮਾਨ ਜਿਸ ਨੂੰ ਚਾਹੁਣ ਆਪਣਾ ਸਰਦਾਰ ਨਿਯੁਕਤ ਕਰ ਲੈਣ।

ਨੁਅਮਾਨ ਨਾਮੀ ਯਹੂਦੀ ਉੱਥੇ ਮੌਜੂਦ ਸੀ। ਉਸਨੇ ਕਿਹਾ ਕਿ ਐ ਅਬੁਲ ਕ਼ਾਸਿਮ! ਜੇਕਰ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਨਬੀ ਹੋ ਤਾਂ ਜਿਹਨਾਂ ਜਿਹਨਾਂ ਦਾ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨਾਮ ਲਿਆ ਹੈ ਉਹ ਸਭ ਸ਼ਹੀਦ ਹੋ ਜਾਣਗੇ। ਫਿਰ ਉਸੇ ਯਹੂਦੀ ਨੇ ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ ਨੂੰ ਕਿਹਾ ਕਿ ਜ਼ੈਦ! ਵਸੀਅਤ ਕਰ ਲਓ, ਜੇਕਰ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਸੱਚੇ ਨਬੀ ਹਨ ਤਾਂ ਤੁਸੀਂ ਵਾਪਸ ਪਰਤ ਕੇ ਨਹੀਂ ਆ ਸਕੋਗੇ। ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਮੈਂ ਗਵਾਹੀ ਦਿੰਦਾ ਹਾਂ ਕਿ ਮੁਹੰਮਦ ਸੱਲ-ਲੱਲਾਹੁ ਅਲੈਹਿ-ਵਸੱਲਮ ਅੱਲਾਹ ਦੇ ਸੱਚੇ ਨਬੀ ਹਨ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਸਰਦਾਰ ਨਿਯੁਕਤ ਕਰ ਰਹੇ ਸਨ ਤਾਂ ਹਜ਼ਰਤ ਜਾਅਫ਼ਰ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਯਾ ਰਸੂਲੁੱਲਾਹ (ਸੱਲ-ਲੱਲਾਹੁ ਅਲੈਹਿ-ਵਸੱਲਮ) ਮੈਨੂੰ ਗੁਮਾਨ ਨਹੀਂ ਸੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੇਰੇ 'ਤੇ ਜ਼ੈਦ ਨੂੰ ਆਗੂ ਨਿਯੁਕਤ ਕਰੋਗੇ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਤੂੰ ਜਾ! ਤੂੰ ਨਹੀਂ ਜਾਣਦਾ ਕਿ ਬਿਹਤਰ ਕੀ ਹੈ।

ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ ਨੂੰ ਇੱਕ ਚਿੱਟਾ ਝੰਡਾ ਦਿੱਤਾ ਅਤੇ ਹਿਦਾਇਤ ਦਿੱਤੀ ਕਿ ਹਜ਼ਰਤ ਹਾਰਿਸ ਰਜ਼ਿ ਅੱਲਾਹੁ ਅਨਹੁ ਦੀ ਸ਼ਹਾਦਤ ਦੀ ਥਾਂ ਪਹੁੰਚ ਕੇ ਲੋਕਾਂ ਨੂੰ ਇਸਲਾਮ ਦੀ ਦਾਅਵਤ ਦੇਣਾ, ਜੇਕਰ ਉਹ ਕ਼ਬੂਲ ਕਰ ਲੈਣ ਤਾਂ ਠੀਕ ਨਹੀਂ ਤਾਂ ਉਹਨਾਂ ਦੇ ਖ਼ਿਲਾਫ਼ ਅੱਲਾਹ ਤਆਲਾ ਕੋਲੋਂ ਮਦਦ ਮੰਗ ਕੇ ਜੰਗ ਕਰਨਾ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹਨਾਂ ਲੋਕਾਂ ਨੂੰ ਵਿਦਾ ਕਰਦੇ ਹੋਏ ਨਸੀਹਤ ਕੀਤੀ ਕਿ ਤੁਹਾਨੂੰ ਅੱਲਾਹ ਤਆਲਾ ਦਾ ਤਕ਼ਵਾ ਇਖ਼ਤਿਆਰ ਕਰਨ ਅਤੇ ਆਪਣੇ ਨਾਲ਼ ਦੇ ਮੁਸਲਮਾਨਾਂ ਨਾਲ਼ ਭਲਾਈ ਦੀ ਨਸੀਹਤ ਕਰਦਾ ਹਾਂ। ਅੱਲਾਹ ਤਆਲਾ ਦੇ ਨਾਮ ਦੇ ਨਾਲ਼ ਅੱਲਾਹ ਤਆਲਾ ਦਾ ਇਨਕਾਰ ਕਰਨ ਵਾਲਿਆਂ ਨਾਲ਼ ਮੁਕ਼ਾਬਲਾ ਕਰੋ। ਨਾ ਧੋਖਾ ਦੇਣਾ, ਨਾ ਖ਼ਿਆਨਤ ਕਰਨਾ, ਨਾ ਕਿਸੇ ਦੁੱਧ ਪੀਂਦੇ ਬੱਚੇ ਨੂੰ ਕ਼ਤਲ ਕਰਨਾ, ਨਾ ਕਿਸੇ ਔਰਤ ਅਤੇ ਨਾ ਕਿਸੇ ਬੁੱਢੇ ਨੂੰ ਕ਼ਤਲ ਕਰਨਾ, ਨਾ ਕਿਸੇ ਖਜੂਰ ਦੇ ਰੁੱਖ ਨੂੰ ਵੱਢਣਾ, ਨਾ ਕਿਸੇ ਹੋਰ ਦਰਖ਼ਤ ਨੂੰ ਵੱਢਣਾ, ਨਾ ਕਿਸੇ ਇਮਾਰਤ ਨੂੰ ਗਿਰਾਉਣਾ। ਫੇਰ ਫ਼ੌਜ ਦੇ ਕਮਾਂਡਰ ਨੂੰ ਫ਼ਰਮਾਇਆ ਕਿ ਜਦ ਤੁਸੀਂ ਕਿਸੇ ਮੁਸ਼ਰਿਕ ਨਾਲ਼ ਮਿਲੋ ਤਾਂ ਉਸਨੂੰ ਤਿੰਨ ਗੱਲਾਂ ਦੀ ਦਾਅਵਤ ਦੇਣਾ ਜੇਕਰ ਉਹਨਾਂ ਵਿੱਚੋਂ ਕੋਈ ਵੀ ਗੱਲ ਮੰਨ ਲਏ ਤਾਂ ਉਸ ਨੂੰ ਕ਼ਬੂਲ ਕਰ ਲੈਣਾ ਅਤੇ ਉਹਨਾਂ ਨੂੰ ਦੁੱਖ ਨਾ ਦੇਣਾ। ਉਹਨਾਂ ਨੂੰ ਦਾਅਵਤ ਦੇਣਾ ਕਿ ਉਹ ਆਪਣੇ ਸ਼ਹਿਰ 'ਚੋਂ ਮੁਹਾਜਿਰਾਂ ਦੇ ਸ਼ਹਿਰ ਵਿੱਚ ਜਾ ਵੱਸਣ, ਜੇਕਰ ਉਹ ਇਸ ਤਰ੍ਹਾਂ ਕਰ ਲੈਣ ਤਾਂ ਉਹਨਾਂ ਨੂੰ ਦੱਸਣਾ ਕਿ ਉਹਨਾਂ ਲਈ ਉਹੀ ਹੈ ਜਿਹੜਾ ਮੁਹਾਜਿਰਾਂ ਲਈ ਹੈ ਅਤੇ ਉਹਨਾਂ 'ਤੇ ਵੀ ਉਹੀ ਹੈ ਜਿਹੜਾ ਮੁਹਾਜਿਰਾਂ 'ਤੇ ਹੈ। ਜੇਕਰ ਉਹ ਇਨਕਾਰ ਕਰ ਦੇਣ ਤਾਂ ਉਹਨਾਂ ਨੂੰ ਕਹਿਣਾ ਕਿ ਉਹ ਮੁਸਲਮਾਨਾਂ ਵਿੱਚੋਂ ਬਾਦੀਆ ਦੇ ਵਸਨੀਕਾਂ ਵੱਲ ਜਾਣ। ਉਹਨਾਂ ਦੇ ਲਈ ਅੱਲਾਹ ਦਾ ਉਹੀ ਹੁਕਮ ਹੋਵੇਗਾ ਜਿਹੜਾ ਬਾਕ਼ੀ ਮੁਸਲਮਾਨਾਂ ਲਈ ਹੈ ਪਰ ਉਹਨਾਂ ਨੂੰ ਮਾਲਿ ਗ਼ਨੀਮਤ ਅਤੇ ਮਾਲਿ ਫ਼ੈ ਵਿੱਚੋਂ ਹਿੱਸਾ ਨਹੀਂ ਮਿਲੇਗਾ ਇੱਥੋਂ ਤੱਕ ਕਿ ਉਹ ਮੁਸਲਮਾਨਾਂ ਦੇ ਨਾਲ਼ ਜਿਹਾਦ ਕਰਨ। ਜੇਕਰ ਉਹ ਮੰਨ ਜਾਣ ਤਾਂ ਕ਼ਬੂਲ ਕਰ ਲੈਣਾ ਅਤੇ ਉਹਨਾਂ ਨੂੰ ਦੁੱਖ ਦੇਣ ਤੋਂ ਰੁਕ ਜਾਣਾ, ਜੇਕਰ ਉਹ ਇਸ ਦਾ ਵੀ ਇਨਕਾਰ ਕਰ ਦੇਣ ਤਾਂ ਅੱਲਾਹ ਤਆਲਾ ਕੋਲੋਂ ਉਹਨਾਂ ਦੇ ਖ਼ਿਲਾਫ਼ ਮਦਦ ਮੰਗਣਾ ਅਤੇ ਉਹਨਾਂ ਨਾਲ਼ ਜਿਹਾਦ ਕਰਨਾ। ਜੇਕਰ ਤੁਸੀਂ ਕਿਸੇ ਕ਼ਿਲ੍ਹੇ ਜਾਂ ਸ਼ਹਿਰ ਦਾ ਘੇਰਾ ਕਰ ਲਓ ਅਤੇ ਉਹ ਤੁਹਾਡੇ ਕੋਲੋਂ ਅੱਲਾਹ ਤੇ ਉਸਦੇ ਰਸੂਲ ਦਾ ਜ਼ਿੰਮਾ ਨਿਯੁਕਤ ਕਰਨ ਦਾ ਇਰਾਦਾ ਕਰਨ ਤਾਂ ਉਹਨਾਂ ਨਾਲ਼ ਅੱਲਾਹ ਅਤੇ ਉਸਦੇ ਰਸੂਲ ਦਾ ਜ਼ਿੰਮਾ ਨਿਯੁਕਤ ਨਾ ਕਰਨਾ।

ਹਜਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਅੱਲਾਹ ਤਆਲਾ ਦੀ ਹਿਕਮਤ ਹੈ ਕਿ ਇਹ ਵਾਕ਼ਿਆ ਬਿਲਕੁਲ ਇਸੇ ਤਰ੍ਹਾਂ ਪੂਰਾ ਹੋਇਆ। ਪਹਿਲਾਂ ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ ਸ਼ਹੀਦ ਹੋਏ, ਉਸ ਦੇ ਬਾਅਦ ਹਜ਼ਰਤ ਜਾਅਫ਼ਰ ਰਜ਼ਿ ਅੱਲਾਹੁ ਅਨਹੁ ਨੇ ਫ਼ੌਜ ਦੀ ਕਮਾਨ ਸੰਭਾਲੀ ਅਤੇ ਉਹ ਵੀ ਸ਼ਹੀਦ ਹੋ ਗਏ, ਉਸ ਦੇ ਬਾਅਦ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਨੇ ਫ਼ੌਜ ਦੀ ਕਮਾਨ ਸੰਭਾਲੀ ਅਤੇ ਉਹ ਵੀ ਸ਼ਹੀਦ ਹੋ ਗਏ। ਮੁਮਕਿਨ ਸੀ ਕਿ ਫ਼ੌਜ ਖਿੱਲਰ ਜਾਂਦੀ  ਕਿ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੇ ਕੁੱਝ ਮੁਸਲਮਾਨਾਂ ਦੇ ਕਹਿਣ 'ਤੇ ਇਸਲਾਮੀ ਝੰਡੇ ਨੂੰ ਫੜ ਲਿਆ ਅਤੇ ਅੱਲਾਹ ਤਆਲਾ ਨੇ ਉਹਨਾਂ ਦੇ ਦੁਆਰਾ ਮੁਸਲਮਾਨਾਂ ਨੂੰ ਫ਼ਤਿਹ ਦਿੱਤੀ ਅਤੇ ਉਹ ਖ਼ੈਰੀਅਤ ਨਾਲ਼ ਇਸਲਾਮੀ ਫ਼ੌਜ ਨੂੰ ਵਾਪਸ ਲੈ ਆਏ।

ਹਜ਼ੂਰ ਅਨਵਨ ਨੇ ਫ਼ਰਮਾਇਆ ਕਿ ਇਹ ਜ਼ਿਕਰ ਜਾਰੀ ਹੈ ਅਤੇ ਆਇੰਦਾ ਵੀ ਇੰਨਸ਼ਾ ਅੱਲਾਹ ਚੱਲੇਗਾ। ਹੁਣ ਮੈਂ ਇੱਕ ਸ਼ਹੀਦ ਅਤੇ ਕੁੱਝ ਮਰਹੂਮਾ ਦਾ ਜ਼ਿਕਰ ਕਰਾਂਗਾ ਅਤੇ ਨਮਾਜ਼ ਦੇ ਬਾਅਦ ਉਹਨਾਂ ਦੀ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਂਗਾ।

1.ਮੁਕੱਰਮ ਲਈਕ਼ ਅਹਿਮਦ ਚੀਮਾ ਸਾਹਿਬ ਇਬਨ ਮੁਕੱਰਮ ਚੌਧਰੀ ਨਜ਼ੀਰ ਅਹਿਮਦ ਚੀਮਾ ਸਾਹਿਬ। ਉਹਨਾਂ ਨੂੰ 17 ਅਪ੍ਰੈਲ ਨੂੰ ਕਰਾਚੀ ਵਿੱਚ ਇਕ ਭੀੜ ਨੇ ਹਮਲਾ ਕਰਕੇ ਇੱਟਾਂ ਅਤੇ ਪੱਥਰ ਮਾਰ ਕੇ ਨਿਹਾਇਤ ਜ਼ਾਲਿਮਾਨਾ ਤੌਰ 'ਤੇ ਸ਼ਹੀਦ ਕਰ ਦਿੱਤਾ إِنَّا لِلّٰهِ وَإِنَّا إِلَيْهِ رَاجِعُونَ ਸ਼ਹੀਦ ਦੀ ਉਮਰ 47 ਸਾਲ ਸੀ। ਸ਼ਹੀਦ ਮਰਹੂਮ ਇੱਕ ਵਰਕਸ਼ਾਪ ਚਲਾਉਂਦੇ ਸਨ ਅਤੇ ਉਹਨਾਂ ਦੀ ਦਿਆਨਤਦਾਰੀ ਦੀ ਵਜ੍ਹਾ ਨਾਲ਼ ਉਹਨਾਂ ਦਾ ਕਾਰੋਬਾਰ ਕਾਫੀ ਵੱਡਾ ਹੋ ਗਿਆ ਸੀ। ਮਰਹੂਮ ਮੂਸੀ ਸਨ, ਨਿਹਾਇਤ ਮੁਸਤੈਦੀ ਨਾਲ਼ ਜਮਾਅਤ ਦਾ ਕੰਮ ਕਰਨ ਵਾਲ਼ੇ, ਨਮਾਜ਼ ਰੋਜ਼ੇ ਦੇ ਪਾਬੰਦ, ਤਹੱਜੁਦ ਪੜਨ ਵਾਲ਼ੇ, ਮਿਲਣ ਸਾਰ, ਮੁਹੱਬਤ ਕਰਨ ਵਾਲ਼ੇ, ਬਹੁਤ ਬਹਾਦਰ ਅਤੇ ਦੂਸਰਿਆਂ ਨੂੰ ਹਿੰਮਤ ਦਵਾਉਣ ਵਾਲ਼ੇ, ਖ਼ਿਲਾਫ਼ਤ ਨਾਲ਼ ਖ਼ਾਸ ਤਅੱਲੁਕ਼ ਰੱਖਣ ਵਾਲ਼ੇ, ਖ਼ੁਤਬੇ ਗ਼ੌਰ ਨਾਲ਼ ਸੁਣਨ ਵਾਲ਼ੇ, ਜਮਾਅਤੀ ਡਿਊਟੀਆਂ ਅਤੇ ਮੁਕ਼ੱਦਮਿਆਂ ਦੀ ਪੈਰਵੀ ਵਿੱਚ ਅੱਗੇ ਹੋਣ ਦੇ

ਲਈ ਹਰ ਵੇਲੇ ਤਿਆਰ ਰਹਿਣ ਵਾਲੇ ਸਨ। ਸ਼ਹਾਦਤ ਦੇ ਵਾਕ਼ੇ ਤੋਂ ਦੋ ਦਿਨ ਪਹਿਲਾਂ ਦੁਸ਼ਮਣਾਂ ਵੱਲੋਂ ਅਦਾਲਤ ਵਿੱਚ ਉਹਨਾਂ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ ਸਨ। ਕ਼ੁਰਆਨ ਕਰੀਮ ਨਾਲ ਸ਼ਹੀਦ ਨੂੰ ਵਾਲਿਹਾਨਾ ਇਸ਼ਕ਼ ਸੀ। ਉਹਨਾਂ ਨੇ ਪਿੱਛੇ ਦੋ ਬੀਵੀਆਂ ਅਤੇ ਸੱਤ ਬੱਚੇ ਛੱਡੇ ਹਨ। ਉਹਨਾਂ ਦੇ ਇਲਾਵਾ ਭੈਣ ਅਤੇ ਭਾਈ ਵੀ ਹਨ।

ਸ਼ਹੀਦ ਮਰਹੂਮ ਦੇ ਜ਼ਿਕਰ ਦੇ ਸੰਦਰਭ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ ਵੀ ਕ਼ਸੂਰ ਦੇ ਇੱਕ ਪਿੰਡ ਵਿੱਚ ਨੌਜਵਾਨ ਅਹਮਦੀ ਦੀ ਸ਼ਹਾਦਤ ਦੀ ਸੂਚਨਾ ਮਿਲੀ ਹੈ। ਤਫ਼ਸੀਲ ਅਜੇ ਨਹੀਂ ਆਈ।

ਇਸ ਦੇ ਬਾਅਦ ਹਜ਼ੂਰ ਅਨਵਰ ਨੇ ਦੁਸ਼ਮਣਾਂ ਦੇ ਬਾਰੇ ਦੁਆ ਕੀਤੀ ਕਿ ਅੱਲਾਹ ਤਆਲਾ ਉਹਨਾਂ ਜ਼ਾਲਮਾਂ ਦੀ ਪਕੜ ਦੇ ਛੇਤੀ ਸਮਾਨ ਕਰੇ ਅਤੇ ਉਹਨਾਂ ਦੇ ਲਈ ਹੁਣ ਇਹੀ ਦੁਆ ਹੈ أَللّٰهُمَّ مَزِّقْهُمْ كُلَّ مُمَزَّقٍ وسَحِّقْهُمْ تَسْحِيْقًا

2.ਮੁਹਤਰਮਾ ਅਮਤੁਲ ਮੁਸੱਵਿਰ ਨੂਰੀ ਸਾਹਿਬਾ ਪਤਨੀ ਡਾਕਟਰ ਮਸਊਦੁਲ ਹਸਨ ਨੂਰੀ ਸਾਹਿਬ। ਮਰਹੂਮਾ ਪਿਛਲੇ ਦਿਨੀ ਵਫਾਤ ਪਾ ਗਈ إنا لله وإنا إليه راجعون ਮਰਹੂਮਾ ਹਜ਼ਰਤ ਮਿਰਜ਼ਾ ਸ਼ਰੀਫ਼ ਅਹਮਦ ਸਾਹਿਬ ਦੀ ਪੋਤੀ ਅਤੇ ਹਜ਼ਰਤ ਨਵਾਬ ਅਬਦੁਲ ਹਫ਼ੀਜ਼ ਬੇਗਮ ਸਾਹਿਬਾ ਦੀ ਨਵਾਸੀ ਅਤੇ ਮਿਰਜ਼ਾ ਦਾਊਦ ਅਹਮਦ ਸਾਹਿਬ ਦੀ ਬੇਟੀ ਸਨ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਮੇਰੀ ਚਚੇਰੀ ਭੈਣ ਵੀ ਸਨ। ਅੱਲਾਹ ਤਆਲਾ ਦੇ ਫ਼ਜ਼ਲ ਨਾਲ ਮੂਸੀਆ ਸਨ। ਮਰਹੂਮਾ ਨਮਾਜ਼ ਰੋਜ਼ੇ ਦੀ ਪਾਬੰਦ, ਅੱਲਾਹ ਤਆਲਾ 'ਤੇ ਭਰੋਸਾ ਕਰਨ ਵਾਲੀ, ਨੇਕ ਤਬੀਅਤ, ਵੱਖ ਵੱਖ ਧਰਮਾਂ ਦਾ ਵਿਸ਼ਲੇਸ਼ਣ ਕਰਨ ਵਾਲੀ, ਪਤੀ ਦਾ ਸਾਥ ਦੇਣ ਵਾਲੀ, ਬਹੁਤ ਸਬਰ ਕਰਨ ਵਾਲੀ, ਮੁਖ਼ਲਿਸ, ਦੀਨ ਦੀ ਖ਼ਿਦਮਤ ਕਰਨ ਵਾਲੀ, ਕ਼ੁਰਆਨ ਕਰੀਮ ਨਾਲ ਮੁਹੱਬਤ ਰੱਖਣ ਵਾਲੀ, ਗਰੀਬਾਂ ਦੀ ਹਮਦਰਦੀ ਕਰਨ ਵਾਲੀ, ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀਆਂ ਕਿਤਾਬਾਂ ਨੂੰ ਪੜਨ ਵਾਲੀ, ਵਾਕ਼ਫ਼ੀਨਿ ਜ਼ਿੰਦਗੀ ਦੀ ਇੱਜ਼ਤ ਕਰਨ ਵਾਲੀ ਖ਼ਾਤੂਨ ਸਨ।

3.ਮੁਕੱਰਮ ਹਸਨ ਸਾਨਗ਼ੋ ਅਬੂ ਬਕਰ ਸਾਹਿਬ ਲੋਕਲ ਮੁਬੱਲਿਗ਼ ਬੁਰਕੀਨਾ ਫਾਸੋ। ਆਪ 63 ਸਾਲ ਦੀ ਉਮਰ ਵਿੱਚ ਪਿਛਲੇ ਦਿਨੀ ਵਫ਼ਾਤ ਪਾ ਗਏ إنا لله وإنا إليه راجعون ਮਰਹੂਮ ਲੋਕਲ ਜ਼ੁਬਾਨ ਵਿੱਚ ਕ਼ੁਰਆਨ ਕਰੀਮ ਦਾ ਦਰਸ ਦਿਆ ਕਰਦੇ ਜਿਹੜਾ ਰੇਡੀਓ ਤੇ ਪ੍ਰਕਾਸ਼ਿਤ ਹੁੰਦਾ ਸੀ। ਮਰਹੂਮ ਨੇ ਅਲ-ਅਜ਼ਹਰ ਯੂਨੀਵਰਸਿਟੀ ਤੋਂ ਸਿੱਖਿਆ ਹਾਸਿਲ ਕਰ ਰੱਖੀ ਸੀ। ਮਰਹੂਮ ਨੇਕ, ਤਬਲੀਗ਼ ਦਾ ਸ਼ੌਕ਼ ਰੱਖਣ ਵਾਲੇ, ਬਹਾਦੁਰ, ਬਿਹਤਰੀਨ ਤਕ਼ਰੀਰ ਕਰਨ ਵਾਲੇ, ਖ਼ਤੀਬ, ਕ਼ੁਰਆਨ ਕਰੀਮ ਨਾਲ ਮੁਹੱਬਤ ਰੱਖਣ ਵਾਲੇ, ਹਸਮੁਖ ਇਨਸਾਨ ਸਨ। ਹਜ਼ੂਰ ਅਨਵਰ ਨੇ ਦੁਆ ਕੀਤੀ ਕਿ ਅੱਲਾਹ ਤਆਲਾ ਅਜਿਹੇ ਖ਼ਿਦਮਤ ਕਰਨ ਵਾਲੇ ਜਮਾਅਤ ਨੂੰ ਹਮੇਸ਼ਾ ਅਤਾ ਫ਼ਰਮਾਉਂਦਾ ਰਹੇ।

ਖ਼ੁਤਬੇ ਦੇ ਆਖ਼ਿਰ ਵਿੱਚ ਹਜ਼ੂਰ ਅਨਵਰ ਨੇ ਤਮਾਮ ਮਰਹੂਮਾਂ ਦੀ ਮਗ਼ਫ਼ਿਰਤ ਅਤੇ ਦਰਜਿਆਂ ਦੀ ਬੁਲੰਦੀ ਦੀ ਦੁਆ ਕੀਤੀ।

أَلْحَمْدُلِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُبِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞